नामांक Roll No.

| | | | | | | |
|---|---|---|---|---|---|---|
| | | | | | | |

No. of Questions – **23**
No. of Printed Pages – **7**

# S-75-Punjabi (T.L.)

## माध्यमिक परीक्षा, 2024
## SECONDARY EXAMINATION, 2024
## पंजाबी
# PUNJABI
### (THIRD LANGUAGE)

**Time : 3 Hours 15 Minutes**
**Maximum Marks : 80**

**ਪ੍ਰੀਖਿਆਰਥੀਆਂ ਲਈ ਆਮ ਹਦਾਇਤਾਂ :**

(1) ਪ੍ਰੀਖਿਆਰਥੀ ਸਭ ਤੋਂ ਪਹਿਲਾਂ ਆਪਣੇ ਪ੍ਰਸ਼ਨ-ਪੱਤਰ 'ਤੇ ਆਪਣਾ ਰੋਲ ਨੰਬਰ ਜ਼ਰੂਰ ਲਿਖਣ ।

(2) ਸਾਰੇ ਪ੍ਰਸ਼ਨ ਹੱਲ ਕਰਨੇ ਜ਼ਰੂਰੀ ਹਨ । ਸਾਰੇ ਪ੍ਰਸ਼ਨਾਂ ਦੇ ਅੰਕ ਸਾਹਮਣੇ ਅੰਕਿਤ ਹਨ । ਪ੍ਰਸ਼ਨ ਨੰਬਰ **17** ਤੋਂ **23** ਤੱਕ ਆਂਤਰਿਕ ਵਿਕੱਲਪ ਹਨ ।

(3) ਹਰ ਇੱਕ ਪ੍ਰਸ਼ਨ ਦਾ ਉੱਤਰ ਦਿੱਤੀ ਉੱਤਰ-ਪੁਸਤਿਕਾ 'ਤੇ ਹੀ ਲਿਖੋ । ਜਿਨ੍ਹਾਂ ਪ੍ਰਸ਼ਨਾਂ ਦੇ ਇੱਕ ਤੋਂ ਵੱਧ ਬਰਾਬਰ ਅੰਕ ਵਾਲੇ ਭਾਗ ਹਨ, ਉਨ੍ਹਾਂ ਸਾਰਿਆਂ ਭਾਗਾਂ ਦਾ ਹੱਲ ਇੱਕ ਥਾਂ 'ਤੇ ਇੱਕ ਹੀ ਤਰਤੀਬ ਵਿੱਚ ਲਿਖੋ ।

**ਖੰਡ – ੳ**

1. ਹੇਠ ਲਿਖੇ ਪ੍ਰਸ਼ਨਾਂ ਦੇ ਸਹੀ ਵਿਕਲਪਾਂ ਦੀ ਚੋਣ ਕਰੋ : **12 × 1 = 12**

(i) ਸਿੰਮਲ ਰੁਖੁ ਸਰਾਇਰਾ ਅਤਿ ਦੀਰਘ ਅਤਿ ਮੁਚੁ ।।
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ।।
ਉਪਰੋਕਤ ਸਤਰਾਂ ਦੇ ਰਚਨਾਕਾਰ ਹਨ :

(ੳ) ਸੇਖ਼ ਫ਼ਰੀਦ (ਅ) ਗੁਰੂ ਨਾਨਕ ਦੇਵ
(ੲ) ਭਾਈ ਗੁਰਦਾਸ (ਸ) ਗੁਰੂ ਰਾਮਦਾਸ

(ii) 'ਗੁਰੂਨਾਨਕ ਨੂੰ' ਕਵਿਤਾ ਦਾ ਕਵੀ ਹੈ : -

(ੳ) ਪ੍ਰੋ. ਮੋਹਨ ਸਿੰਘ (ਅ) ਭਾਈ ਵੀਰ ਸਿੰਘ
(ੲ) ਅੰਮ੍ਰਿਤਾ ਪ੍ਰੀਤਮ (ਸ) ਧਨੀ ਰਾਮ ਚਾਤ੍ਰਿਕ

(iii) 'ਅੰਮ੍ਰਿਤਾ ਪ੍ਰੀਤਮ' ਰਚਿਤ ਕਵਿਤਾ ਹੈ : -

(ੳ) ਹਾਲੀ ਦਾ ਗੀਤ (ਅ) ਰੁੱਖ
(ੲ) ਚਾਨਣ ਦੀ ਫੁੱਲਕਾਰੀ (ਸ) ਮਾਂ

(iv) "ਅਗਲੇ ਜਾਏ ਬੰਗਾਲੇ ਬੈਠੇ, ਪਿਛਲਿਆਂ ਫ਼ਰਸ਼ ਵਿਛਾਏ ।" ...............
ਉਪਰੋਕਤ ਸਤਰਾਂ ਕਿਹੜੀ ਕਵਿਤਾ ਦੀਆਂ ਹਨ ।

(ੳ) ਬੁੱਲ੍ਹਾ ਕੀ ਜਾਣਾਂ ਮੈਂ ਕੌਣ (ਅ) ਆਓ ਸਹੀਓ ਰਲ ਦਿਉ ਨੀ ਵਧਾਈ
(ੲ) ਇਕਨਾ ਮਹਲ ਉਸਾਰੇ (ਸ) ਉਲਟੇ ਹੋਰ ਜ਼ਮਾਨੇ ਆਏ

(v) ਗੰਗਾ ਦੀਨ ਕੀ ਬਣਾਉਣ ਦਾ ਕੰਮ ਕਰਦਾ ਸੀ ?

(ੳ) ਖਿਡੌਣੇ (ਅ) ਇਮਾਰਤਾਂ
(ੲ) ਬੂਟ (ਸ) ਸੂਟ

(vi) ਰਾਜਸਥਾਨ ਵਿਚ ਭਾਟੀ ਰਾਜਪੂਤਾਂ ਦਾ ਸਭ ਤੋਂ ਵੱਡਾ ਕਿਲ੍ਹਾ ਹੈ : -

(ੳ) ਚਿਤੌੜ੍ਹ ਦਾ ਕਿਲ੍ਹਾ (ਅ) ਆਮਰੇ ਦਾ ਕਿਲ੍ਹਾ
(ੲ) ਗਗਰੌਣ ਦਾ ਕਿਲ੍ਹਾ (ਸ) ਜੈਸਲਮੇਰ ਦਾ ਕਿਲ੍ਹਾ

(vii) 'ਸਾਂਝੀ ਕੰਧ' ਕਹਾਣੀ ਦੇ ਕਹਾਣੀਕਾਰ ਹਨ : -

(ੳ) ਸੰਤੋਖ ਸਿੰਘ ਧੀਰ (ਅ) ਗੁਰਬਚਨ ਸਿੰਘ ਭੁੱਲਰ
(ੲ) ਸੰਤ ਸਿੰਘ ਸੇਖੋਂ (ਸ) ਕੁਲਵੰਤ ਸਿੰਘ ਵਿਰਕ

(viii) 'ਗੁਰਬਖ਼ਸ਼ ਸਿੰਘ ਪ੍ਰੀਤਲੜੀ' ਰਚਿੱਤ ਕਹਾਣੀ ਹੈ : -

(ੳ) ਪੇਮੀ ਦੇ ਨਿਆਣੇ (ਅ) ਪਹੁਤਾ ਪਾਂਧੀ

(ੲ) ਖ਼ੂਨ (ਸ) ਦੁੱਧ ਦਾ ਛੱਪੜ

(ix) 'ਸਰਦੀ ਕਰਕੇ ਮੇਰੇ ਅੰਗ ਆਕੜ ਗਏ ।'

ਉਪਰੋਕਤ ਵਾਕ ਵਿਚ ਵਰਤੇ ਬਹੁਅਰਥਕ ਸ਼ਬਦ 'ਆਕੜ' ਦਾ ਸਹੀ ਅਰਥ ਹੈ : -

(ੳ) ਹੰਕਾਰ (ਅ) ਸਖ਼ਤ ਹੋਣਾ

(ੲ) ਲੜ੍ਹਨ ਲਈ ਤਿਆਰ (ਸ) ਥੱਕ ਜਾਣਾ

(x) 'ਉੱਦਮ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ

(ੳ) ਉਪਰਾਲਾ (ਅ) ਉਪਮਾ

(ੲ) ਲਾਭ (ਸ) ਮਿਹਰਬਾਨੀ

(xi) 'ਸੰਘਣਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਹੈ : -

(ੳ) ਫਿੱਕਾ (ਅ) ਨੀਵਾਂ

(ੲ) ਵਿਰਲਾ (ਸ) ਸੱਜਰਾ

(xii) 'ਸੁਰ–ਘੰਤਰੀ' ਵਿਅੰਜਨ ਹੈ : -

(ੳ) ਸ਼ (ਅ) ੜ

(ੲ) ਙ (ਸ) ਹ

2. ਹੇਠ ਲਿਖੀਆਂ ਖਾਲੀ ਥਾਂਵਾਂ ਭਰੋ : **6 × 1 = 6**

(i) ਜਿਤੁ ਦਿਹਾੜੈ ਧਨ ਵਰੀ ........................।।

(ii) ਨਾ ਤਿਸੁ ਭਾਰੇ ਪਰਬਤਾਂ ........................।।

(iii) ਚਾਨਣ ਦੀ ਫੁੱਲਕਾਰੀ ........................।

(iv) ਇਕੁ ਬਾਬਾ ਅਕਾਲ ਰੂਪੁ ਦੂਜਾ ........................।

(v) ਅਸਾਡਾ ਮਾਮਾ ............... ਕਰਨ ਲੱਗ ਪਿਆ ।

(vi) ਮੈਨੂੰ ਕੌਣ ਹੱਥ ਲਾਊ । ............... ਵਿੱਚ ਮੇਰਾ ਸ਼ੇਰ ਵਰਗਾ ਚਾਚਾ ਐ, ਕਰਤਾਰਾ ।

3. ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **12 × 1 = 12**

(i) 'ਜਗਤੁ ਜਲੰਦਾ ਰਖਿ ਲੈ' ਸ਼ਬਦ ਦੇ ਕਰਤਾ ਦਾ ਨਾਂ ਹੈ ।

(ii) 'ਮਾਲਕ-ਪ੍ਰਭੂ ਸਭ ਜੀਵਾਂ ਵਿੱਚ ਵਿਆਪਕ ਹੈ ।' ਅਰਥ ਦੇਣ ਵਾਲੀ ਤੁੱਕ ਲਿਖੋ ।

(iii) 'ਕੋਟਿ-ਤੇਤੀਸਾ-ਦੇਵ, ਬੰਦੀ ਜਿਤ ਦਰਿ ।
ਦਿਤੋਮੁ ਖਾਕ ਰੁਲਾਇ, ਇਕਸੇ ਪਲਕ ਭਰਿ ।'
ਉਪਰੋਕਤ ਸਤਰਾਂ ਵਿਚ ਮੀਆਂ ਵਜੀਦ ਕਿਸ ਬਾਰੇ ਸੰਕੇਤ ਕਰ ਰਿਹਾ ਹੈ ?

(iv) 'ਮੇਰੀ ਜਿੰਦੇ' ਕਵਿਤਾ ਵਿਚ ਕਵੀ ਕੀ ਕਹਿਣਾ ਚਾਹੁੰਦਾ ਹੈ ?

(v) 'ਕੁੱਛ ਕਿਹਾ ਤਾਂ' ਕਾਵਿ-ਰਚਨਾ ਦੇ ਰਚਨਾਕਾਰ ਕੌਣ ਹਨ ?

(vi) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦੀ ਉਪਾਧੀ ਕਦੋਂ ਪ੍ਰਾਪਤ ਹੋਈ ?

(vii) ਗੰਗਾ ਦੀਨ ਕੌਣ ਸੀ ?

(viii) 'ਪਹੁਤਾ ਪਾਂਧੀ' ਕਹਾਣੀ ਦੇ ਮੁੱਖ ਪਾਤਰ ਦਾ ਨਾਂ ਦੱਸੋ ?

(ix) 'ਸਾਂਝੀ ਕੰਧ' ਕਹਾਣੀ ਵਿਚਕਾਰ ਸਾਂਝੀ ਕੰਧ ਬਣਾਉਣ ਦੀ ਲੋੜ ਕਿਸ ਨੂੰ ਪਈ ?

(x) ਪੰਜਾਬੀ ਭਾਸ਼ਾ ਵਿੱਚ ਕੁੱਲ ਸਵਰ ਧੁਨੀਆਂ ਕਿੰਨੀਆਂ ਮੰਨੀਆਂ ਗਈਆਂ ਹਨ ?

(xi) 'ਸਿਹਾਰੀ' ਲਗ ਵਾਲੇ ਕੋਈ ਚਾਰ ਸ਼ਬਦ ਲਿਖੋ ।

(xii) ਪੰਜਾਬ ਦੇ ਜ਼ਿਲ੍ਹਾ ਮੁਕੱਤਸਰ, ਫ਼ਰੀਦ ਕੋਟ ਅਤੇ ਬਠਿੰਡਾ ਜ਼ਿਲ੍ਹਿਆਂ ਵਿਚ ਬੋਲੀ ਜਾਣ ਵਾਲੀ ਉਪਭਾਸ਼ਾ ਕਿਹੜੀ ਹੈ ?

## ਖੰਡ – ਅ

**(4-8)** ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **5 × 2 = 10**

ਸਮਾਜ ਦੀ ਹੋਂਦ ਮਨੁੱਖਾਂ ਦੇ ਆਪਸੀ ਮਿਲਵਰਤਨ ਦੀ ਹੀ ਉਪਜ ਹੈ । ਮਨੁੱਖ ਇਕ ਸਮਾਜਕ ਪ੍ਰਾਣੀ ਹੈ । ਸਮਾਜ ਵਿਚ ਮਿਲਵਰਤਨ ਦਾ ਬੜਾ ਮਹੱਤਵ ਹੈ । ਮਿਲਵਰਤਨ ਦੀ ਜ਼ਰੂਰਤ ਥਾਂ-ਥਾਂ ਤੇ ਪੈਂਦੀ ਹੈ, ਜਿਵੇਂ-ਪਰਿਵਾਰ ਵਿਚ, ਰਿਸ਼ਤੇਦਾਰੀ ਵਿਚ, ਮਿੱਤਰਾਂ ਵਿਚ, ਸਹਿਪਾਠੀਆਂ ਵਿਚ, ਗੁਆਂਢੀਆਂ ਵਿਚ, ਕਾਰੋਬਾਰ ਵਿਚ ਜਾਂ ਉਸ ਸੰਸਥਾ ਵਿਚ, ਜਿੱਥੇ ਅਸੀਂ ਕੰਮ ਕਰਦੇ ਹਾਂ । ਜੇਕਰ ਅਸੀਂ ਆਪਣੇ ਆਲੇ-ਦੁਆਲੇ ਵਸਦੇ ਲੋਕਾਂ ਨਾਲ ਮਿਲਵਰਤਨ ਜਾਂ ਸਹਿਯੋਗ ਨਹੀਂ ਰੱਖਾਂਗੇ ਤਾਂ ਸਾਡੀ ਯੋਗਤਾਂ ਕਿਸੇ ਕੰਮ ਦੀ ਨਹੀਂ ਅਤੇ ਸਾਡੀ ਜ਼ਿੰਦਗੀ ਅਧੂਰੀ ਹੈ । ਅੰਗਰੇਜ਼ੀ ਦੀ ਕਹਾਵਤ ਹੈ – 'ਇਕ ਫੁੱਲ ਮਾਲਾ ਨਹੀਂ ਬਣਾ ਸਕਦਾ ।' ਭਾਵ ਇਕ ਮਨੁੱਖ ਭਾਵੇਂ ਕਿੰਨਾ ਹੀ ਪ੍ਰਤਿਭਾਵਾਨ ਹੋਵੇ ਪਰ ਉਹ ਇੱਕਲਾ ਕੁਝ ਨਹੀਂ ਕਰ ਸਕਦਾ । ਅਸੀਂ ਮਿਲਵਰਤਨ ਨਾਲ ਆਪਣੇ ਸੁੱਖਾਂ ਵਿਚ ਤੇ ਕਮਾਈ ਦੇ ਸਾਧਨਾਂ ਵਿਚ ਵਾਧਾ ਕਰ ਸਕਦੇ ਹਾਂ ਅਤੇ ਦੁੱਖਾਂ ਤੇ ਮੁਸੀਬਤਾਂ ਦਾ ਟਾਕਰਾ ਸਫ਼ਲਤਾ ਨਾਲ ਕਰ ਸਕਦੇ ਹਾਂ । ਮਿਲਵਰਤਨ ਰਾਹੀਂ ਕੀਤਾ ਕੰਮ ਸਾਨੂੰ ਆਨੰਦ ਦੀ ਅਨੁਭੂਤੀ ਕਰਾਉਂਦਾ ਹੈ ਅਤੇ ਸਾਡੀਆਂ ਆਸ਼ਾਵਾਂ ਵਿਚ ਵਾਧਾ ਕਰਦਾ ਹੈ । ਇਸ ਪ੍ਰਕਾਰ ਸਾਨੂੰ ਔਖੇ ਸਮੇਂ ਇਕ ਦੂਜੇ ਨੂੰ ਵੱਧ ਤੋਂ ਵੱਧ ਮਿਲਵਰਤਨ ਜਾਂ ਸਹਿਯੋਗ ਦੇਣਾ ਚਾਹੀਦਾ ਹੈ । ਇਸ ਤੋਂ ਉਲਟ ਜੇਕਰ ਅਸੀਂ ਖਾਹ-ਮਖਾਹ ਕਿਸੇ ਦੇ ਕੰਮ ਵਿਚ ਰੁਕਾਵਟ ਪਾਈਏ ਤੇ ਆਪਣੀ ਮਨ-ਮਰਜੀ ਕਰੀਏ ਤਾਂ ਅਸੀਂ ਦੂਸਰੇ ਲਈ ਵੀ ਅਤੇ ਆਪਣੇ-ਆਪ ਲਈ ਵੀ ਮੁਸੀਬਤਾਂ ਖੜ੍ਹੀਆਂ ਕਰਾਂਗੇ ।

4. ਉਪਰੋਕਤ ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ ।

5. ਸਮਾਜ ਦੀ–ਹੋਂਦ ਕਿਸ ਉੱਪਰ ਨਿਰਭਰ ਹੈ ?

6. ਮਿਲਵਰਤਨ ਦੀ ਜ਼ਰੂਰਤ ਕਿਹੜ੍ਹੇ–ਕਿਹੜ੍ਹੇ ਥਾਂ ਪੈਂਦੀ ਹੈ ?

7. 'ਇਕ ਫੁੱਲ ਮਾਲਾ ਨਹੀਂ ਬਣਾ ਸਕਦਾ ।' ਤੋਂ ਕੀ ਭਾਵ ਹੈ ?

8. ਔਖੇ ਸ਼ਬਦਾਂ ਦੇ ਅਰਥ ਲਿਖੋ :

ਹੋਂਦ, ਉਪਜ, ਕਾਰੋਬਾਰ, ਟਾਕਰਾ ।

**(9-16)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **8 × 2 = 16**

9. 'ਆਦਰ' ਅਤੇ 'ਹੁਸ਼ਿਆਰ' ਸ਼ਬਦਾਂ ਦੇ ਦੋ–ਦੋ ਸਮਾਨਾਰਥਕ ਸ਼ਬਦ ਲਿਖੋ ।

10. ਹੇਠ ਲਿਖੇ ਬਹੁ–ਅਰਥਕ ਸ਼ਬਦਾਂ ਨੂੰ ਵਾਕਾਂ ਵਿਚ ਇਸ ਤਰ੍ਹਾਂ ਵਰਤੋਂ ਕਿ ਹਰ ਇਕ ਦੇ ਦੋ–ਦੋ ਵੱਖਰੇ ਅਰਥ ਸਪਸ਼ਟ ਹੋ ਜਾਣ –

ਕੱਚਾ, ਵਾਰ ।

11. ਹੇਠ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :

ਸੋਗ, ਗੂੜ੍ਹਾ, ਬਰੀਕ, ਢਿੱਲਾ ।

12. ਪੰਜਾਬੀ ਦੀਆਂ ਚਾਰ ਉੱਪਬੋਲੀਆਂ ਦੇ ਨਾਂ ਲਿਖੋ ।

13. 'ਸੁੱਖੀ ਜੀਉਣ ਦੀ ਕੁੰਜੀ' ਕਵਿਤਾ ਕੀ ਸੁਨੇਹਾ ਦਿੰਦੀ ਹੈ ?

14. 'ਖੁਰਾਸਾਨ ਖਸਮਾਨਾ ਕੀਆ' ਸ਼ਬਦ ਵਿਚ ਗੁਰੂ ਜੀ ਰੱਬ ਨੂੰ ਕੀ ਉਲਾਮ੍ਹਾਂ ਦੇ ਰਹੇ ਹਨ ?

15. ਲਾਭ ਤੇ ਦਿਆਲ ਦਾ ਆਪਸ ਵਿਚ ਕੀ ਰਿਸ਼ਤਾ ਸੀ ? ਉਹਨਾਂ ਨੂੰ ਇੱਕਠੇ ਕੰਮ ਕਰਨ ਦੇ ਕੀ ਫਾਇਦੇ ਸਨ ?

16. ਗਗਰੌਣ ਦੇ ਕਿਲ੍ਹੇ ਦੀ ਪ੍ਰਸਿੱਧੀ ਦਾ ਕਾਰਣ ਲਿਖੋ ।

**ਖੰਡ – ੲ**

**(17-20)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **4 × 3 = 12**

17. 'ਬਸ ਕਰ ਜੀ ਹੁਣ ਬਸ ਕਰ ਜੀ' ਕਾਫ਼ੀ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ ।

**ਜਾਂ**

'ਵਿਸਾਖੀ ਦਾ ਮੇਲਾ' ਕਵਿਤਾ ਦਾ ਸਾਰ ਲਿਖੋ ।

18. 'ਕਿਰਤ' ਨਿਬੰਧ ਵਿਚ ਆਏ ਮੁੱਖ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

**ਜਾਂ**

ਭਾਈ ਮਰਦਾਨਾ ਜੀ ਦੇ ਜੀਵਨ ਬਾਰੇ ਸੰਖੇਪ ਜਾਣਕਾਰੀ ਦਿਉ ।

19. ਗੰਗਨਹਿਰ ਉੱਪਰ ਸੰਖੇਪ ਟਿੱਪਣੀ ਦਿਉ ।

**ਜਾਂ**

ਰਾਜਸਥਾਨ ਦੇ ਕਿਲ੍ਹਿਆਂ ਦੀਆਂ ਕੀ–ਕੀ ਵਿਸ਼ੇਸ਼ਤਾਵਾਂ ਹਨ ?

20. 'ਦੁੱਧ ਦਾ ਛੱਪੜ' ਕਹਾਣੀ ਦਾ ਸੰਖੇਪ ਸਾਰ ਲਿਖੋ ।

**ਜਾਂ**

ਕਰਤਾਰੇ ਦੇ ਚਰਿੱਤਰ ਉਪਰ ਸੰਖੇਪ ਨੋਟ ਲਿਖੋ ।

**ਖੰਡ – ਸ**

**(21-23)** ਹੇਠ ਲਿਖੇ ਪ੍ਰਸ਼ਨਾਂ ਨੂੰ ਹੱਲ ਕਰੋ : **3 × 4 = 12**

21. ਫਰੀਦਾ ਗਲੀਏ ਚਿੱਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ।।
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ।।
ਭਿਜਉ ਸਿਜਉ ਕੰਬਲੀ ਅਲਹ ਬਰਸਉ ਮੇਹੁ ।।
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ।।

(ੳ) ਉਪਰੋਕਤ ਕਾਵਿ–ਬੰਦ ਦਾ ਪ੍ਰਸੰਗ ਲਿਖੋ ।

(ਅ) ਉਪਰੋਕਤ ਕਾਵਿ ਸਤਰਾਂ ਦੀ ਸਰਲ ਵਿਆਖਿਆ ਕਰੋ ।

(ੲ) 'ਅਲਹ ਵਰਸਉ ਮੇਹੁ' ਸ਼ਬਦ ਕਿਹੜੀ ਗੱਲ ਵੱਲ ਸੰਕੇਤ ਕਰਦੇ ਹਨ ?

(ਸ) ਔਖੇ ਸ਼ਬਦਾਂ ਦੇ ਅਰਥ ਲਿਖੋ :
ਗਲੀਏ, ਨੇਹੁ, ਕੰਬਲੀ, ਤੁਟੈ ।

**ਜਾਂ**

ਸੌਂ ਗਈਆਂ ਹਵਾਵਾਂ ਰੋ ਰੋ

ਕਰ ਵਿਰਲਾਪ ਨੀ ।

ਤਾਰਿਆਂ ਨੂੰ ਚੜ੍ਹ ਗਿਆ

ਮੱਠਾ-ਮੱਠਾ ਤਾਪ ਨੀ ।

ਜੰਝ ਸਾਹਵਾਂ ਦੀ ਦਾ ਰੁੱਸ ਗਿਆ ਲਾੜਾ,

ਨੀ ਪੀੜਾਂ ਦਾ ਪਰਾਗਾ ਭੁੰਨ ਦੇ

ਭੱਠੀ ਵਾਲੀਏ !

(ੳ) ਉਪਰੋਕਤ ਕਾਵਿ-ਸਤਰਾਂ ਦਾ ਪ੍ਰਸੰਗ ਲਿਖੋ ।

(ਅ) ਉਪਰੋਕਤ ਕਾਵਿ-ਬੰਦ ਦੀ ਸਰਲ ਵਿਆਖਿਆ ਕਰੋ ।

(ੲ) 'ਭੱਠੀ ਵਾਲੀਏ' ਤੋਂ ਕੀ ਭਾਵ ਹੈ ?

(ਸ) ਔਖੇ ਸ਼ਬਦਾਂ ਦੇ ਅਰਥ ਲਿਖੋ :

ਵਿਰਲਾਪ, ਮੱਠਾ-ਮੱਠਾ, ਲਾੜਾ, ਪਰਾਗਾ ।

22. ਆਪਣੇ ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਜ਼ੁਰਮਾਨਾ ਮੁਆਫ਼ੀ ਲਈ ਬਿਨੈ-ਪੱਤਰ ਲਿਖੋ ।

**ਜਾਂ**

ਆਪਣੇ ਪਿਤਾ ਤੋਂ ਫ਼ੀਸ ਅਤੇ ਜ਼ੇਬ ਖ਼ਰਚੀ ਲਈ ਪੈਸੇ ਮੰਗਵਾਉਣ ਲਈ ਪੱਤਰ ਉਸਾਰੀ ਕਰੋ ।

23. ਕਿਸੇ ਇਕ ਵਿਸ਼ੇ ਉੱਪਰ ਲੇਖ-ਰਚਨਾ ਕਰੋ :

ਭ੍ਰਿਸ਼ਟਾਚਾਰ

**ਜਾਂ**

ਕੋਈ ਮਨਭਾਉਂਦਾ ਲੇਖਕ

**ਜਾਂ**

ਵਿਦਿਆਰਥੀ ਤੇ ਫੈਸ਼ਨ

DO NOT WRITE ANYTHING HERE